# PUNJAB HEALTH SYSTEMS CORPORATION

State Institute of Health and Family Welfare Complex
Phase-VI, Near Civil Hospital, Sahibzada Ajit Singh Nagar, PUNJAB
Phone : 0172-2262938, 2263938, Tele-Fax : 0172 - 2266938
Visit us at : punjabhealth.co.in : E-mail: phschd@yahoo.com


No. PHSC/DPF/14/1443-1489 Dated: 4/12/14

ਵੱਲ

ਸਮੂਹ ਸਿਵਲ ਸਰਜਨ,
ਪੰਜਾਬ ।

ਮੈਡੀਕਲ ਸੁਪਰਡੰਟ,
ਮਾਤਾ ਕੁਸ਼ਲਿਆ ਹਸਪਤਾਲ,
ਪਟਿਆਲਾ।

ਮੈਡੀਕਲ ਸੁਪਰਡੰਟ,
ਸਿਵਲ ਹਸਪਤਾਲ, ਜਲੰਧਰ।

ਵਿਸ਼ਾ:- **ਯੂਜਰ ਚਾਰਜਿਸ ਵਿਚੋਂ ਆਊਟ ਸੋਰਸਿੰਗ ਅਧੀਨ ਪੈਰਾ ਮੈਡੀਕਲ ਸਟਾਫ ਦੀਆਂ ਸੇਵਾਵਾਂ ਲੈਣ ਬਾਰੇ।**

ਮਿਤੀ 13.11.2014 ਨੂੰ ਸਿਵਲ ਸਰਜਨ ਕਾਨਫਰੰਸ ਦੌਰਾਨ ਇਹ ਧਿਆਨ ਵਿੱਚ ਲਿਆਂਦਾ ਗਿਆ ਕਿ ਹਸਪਤਾਲਾਂ ਵਿੱਚ ਹੋ ਰਹੀ ਭਰਤੀ ਉਪਰੰਤ ਵੀ ਕੁਝ ਸਟਾਫ ਦੀ ਕਮੀ ਕਰਕੇ ਵਧੀਆਂ ਸਿਹਤ ਸੇਵਾਵਾਂ ਪ੍ਰਦਾਨ ਕਰਨ ਵਿੱਚ ਹਸਪਤਾਲ ਅਸਮੱਰਥ ਹੋ ਜਾਂਦੇ ਹਨ। ਇਸ ਮੀਟਿੰਗ ਵਿੱਚ ਜਿਵੇਂ ਫੈਸਲਾਂ ਲਿਆ ਗਿਆ ਸੀ ਆਪ ਜੀ ਨੂੰ ਲੋੜ ਮੁਤਾਬਿਕ ਪੈਰਾ ਮੈਡੀਕਲ ਸੇਵਾਵਾਂ ਯੂਜਰ ਚਾਰਜਿਸ ਵਿੱਚੋਂ ਆਊਟ ਸੋਰਸਿੰਗ ਰਾਹੀਂ ਲੈਣ ਬਾਰੇ ਪ੍ਰਵਾਨਗੀ ਨਿਮਨ ਲਿਖਤ ਸ਼ਰਤਾਂ ਤੇ ਦਿੱਤੀ ਜਾਂਦੀ ਹੈ:-

ੳ) ਇਨ੍ਹਾਂ ਹਦਾਇਤਾਂ ਅਨੁਸਾਰ ਕਰਿਟੀਕਲ ਪੈਰਾ ਮੈਡੀਕਲ ਸਰਵਿਸ ਜਿਵੇਂ ਕਿ ਸਟਾਫ ਨਰਸਾਂ, ਰੇਡੀਓ ਗ੍ਰਾਫਰ, ਲੈਬੋਰਟਰੀ ਟੈਕਨੀਸ਼ੀਅਨ ਦੀ ਹੀ ਲੋੜ ਮੁਤਾਬਿਕ ਹਸਪਤਾਲਾਂ ਵਿੱਚ ਆਊਟ ਸੋਰਸਿੰਗ ਰਾਹੀਂ ਸੇਵਾਵਾਂ ਉਸ ਸਮੇਂ ਤੱਕ ਹੀ ਲਈਆਂ ਜਾਣ, ਜਦੋਂ ਤੱਕ ਕਿ ਰੈਗੂਲਰ ਸਟਾਫ ਦੀ ਭਰਤੀ ਨਹੀਂ ਹੋ ਜਾਂਦੀ।

ਅ) ਉਪਰੋਕਤ ਸੇਵਾਵਾਂ ਨੈਸ਼ਨਲ ਹੈਲਥ ਮਿਸ਼ਨ ਵਲੋਂ ਟੈਂਡਰ ਰਾਹੀਂ ਸਲੈਕਟ ਕੀਤੀ ਗਈ ਆਊਟ ਸੋਰਸਿੰਗ ਏਜੰਸੀ ਰਾਹੀਂ ਲਿੱਤੀਆਂ ਜਾਣ ।

ੲ) ਆਊਟ ਸੋਰਸਿੰਗ ਏਜੰਸੀ ਡਾਇਰੈਕਟਰ, ਸਿਹਤ ਸੇਵਾਵਾਂ/ਨੈਸ਼ਨਲ ਹੈਲਥ ਮਿਸ਼ਨ ਵਿੱਚ ਨਿਰਧਾਰਿਤ ਯੋਗਤਾਵਾਂ ਅਨੁਸਾਰ ਹੀ ਸੇਵਾਵਾਂ ਮੁਹੱਈਆ ਕਰਾਏਗੀ।

ਸ) ● ਆਊਟ ਸੋਰਸਿੰਗ ਏਜੰਸੀ ਵਲੋਂ ਕਿਰਤ ਵਿਭਾਗ ਵਲੋਂ ਮਿੱਥੀਆਂ ਘਟੋ ਘੱਟ ਉਜਾਰਤਾਂ ਦੀ ਪਾਲਣਾ ਕੀਤੀ ਜਾਵੇ।

ਹ) ਇਹ ਸੇਵਾਵਾ ਉਨ੍ਹਾਂ ਹਸਪਤਾਲਾਂ ਵਿੱਚ ਹੀ ਲਈਆਂ ਜਾਣ ਜਿਥੇ ਕਿ ਪ੍ਰਆਪਤ ਯੂਜਰ ਚਾਰਜਿਸ ਉਪਲੱਬਧ ਹਨ ਅਤੇ ਉਹ ਹਸਪਤਾਲ ਇਨ੍ਹਾਂ ਸੇਵਾਵਾਂ ਲਈ ਲਗਾਏ ਗਏ ਸਟਾਫ ਦੀ ਤਨਖਾਹ ਦੇਣ ਲਈ ਸਮਰੱਥ ਹਨ। ਕਿਸੇ ਵੀ ਹਸਪਤਾਲ ਨੂੰ ਸਰਕਾਰ ਵਲੋਂ ਜਾਂ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਵਲੋਂ ਇਸ ਨਵੇਂ ਰੱਖੇ ਗਏ ਸਟਾਫ ਲਈ ਰਾਸ਼ੀ ਉਪਲਬੱਧ ਨਹੀਂ ਕਰਵਾਈ ਜਾਵੇਗੀ।

2. ਇਹ ਹਦਾਇਤਾਂ ਰਾਜ ਦੇ ਸਮੂਹ ਸੀਨੀਅਰ ਮੈਡੀਕਲ ਅਫਸਰਾਂ ਦੀ ਜਾਣਕਾਰੀ ਅਤੇ ਅਗਲੇਰੀ ਕਾਰਵਾਈ ਹਿੱਤ ਜਾਰੀ ਕੀਤੀਆਂ ਜਾਣ।

3. ਇਹ ਹਦਾਇਤਾਂ ਪ੍ਰਮੁੱਖ ਸਕੱਤਰ ਸਿਹਤ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੀਆਂ ਜਾ ਰਹੀਆਂ ਹਨ।

ਪ੍ਰਬੰਧਕੀ ਨਿਰਦੇਸ਼ਕ

ਉਤਾਰਾ:-

1) ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ।

2) ਸਮੂਹ ਡਿਪਟੀ ਮੈਡੀਕਲ ਕਮਿਸ਼ਨਰ, ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਨੂੰ ਉਨ੍ਹਾਂ ਦੀ ਜਾਣਕਾਰੀ ਅਤੇ ਅਗਲੀ ਕਾਰਵਾਈ ਹਿੱਤ ।